The true picture of your local community

# NZ ਤਸਵੀਰ NEWS

www.nztasveernews.co.nz || ਪੰਜਾਬੀ ਅਖ਼ਬਾਰ || NZ Tasveer News

ਆਨਲਾਈਨ ਈ-ਪੇਪਰ
ਵਿਚ ਇਸ਼ਤਿਹਾਰ
ਦੇਣ ਲਈ
ਸੰਪਰਕ ਕਰੋ
09 390 4644

0800 CLEANUS
RED CLEANING
Old & New Build House Cleaning (Inside & Outside)
Home Cleaning
Carpet Cleaning
Floor Polishing
Water Blaster
Lawn Mowing
Carpet Cleaning
3 Bedroom $95
5 Bedroom $135
ਹੋਮ ਕਲੀਨਿੰਗ
ਕਾਰਪੇਟ ਕਲੀਨਿੰਗ
ਫਲੋਰ ਪੋਲਿਸ਼ਿੰਗ
ਵਾਟਰ ਬਲਾਸਟਰ
ਲਾਅਨ ਮੂਵਿੰਗ
ਘਰਾਂ ਜਾਂ ਆਫਿਸ ਵਿਚ ਕਾਰਪੇਟ ਕਲੀਨਿੰਗ ਜਾਂ ਵਿੰਡੋਜ਼ ਕਲੀਨਿੰਗ ਲਈ ਅੱਜ ਹੀ ਸੰਪਰਕ ਕਰੋ
Contact : Raj 021 8740 730, 0800 253 2687
www.redcleaning.co.nz

05 November 2018 Daily, editornztasveer@gmail.com designnztasveer@gmail.com Ph/Fax: 09 390 4644 FREE

# ਬਾਦਲ ਅਕਾਲੀ ਦਲ ਨੂੰ ਸਿੱਖ ਮੁੱਦਿਆਂ ਤੇ ਭਾਜਪਾ ਨੂੰ ਹਿੰਦੂਤੱਵ ਦਾ ਹੇਜ ਅਚਾਨਕ ਕਿਉਂ ਜਾਗ ਪਿਐ !

ਭਾਰਤ ਵਿੱਚ ਹਿੰਦੂਤੱਵ ਦੇ ਪੱਕੇ ਰਾਜ ਦੀ ਸਥਾਪਤੀ ਦੇ ਸੁਫਨੇ ਨਾਲ ਬਣਾਏ ਗਏ ਰਾਸ਼ਟਰੀ ਸੋਇਮ ਸੇਵਕ ਸੰਘ, ਆਰ ਐੱਸ ਐੱਸ, ਦੇ ਮੁਖੀ ਮੋਹਣ ਭਾਗਵਤ ਨੇ ਵੀਰਵਾਰ ਨੂੰ ਭਾਜਪਾ ਦੇ ਪ੍ਰਧਾਨ ਅਮਿਤ ਸ਼ਾਹ ਨਾਲ ਮੀਟਿੰਗ ਕੀਤੀ ਅਤੇ ਅਗਲੇ ਦਿਨ ਆਰ ਐੱਸ ਐੱਸ ਦੇ ਬੁਲਾਰੇ ਭਈਆ ਜੀ ਜੋਸ਼ੀ ਨੇ ਵਿਚਲੀ ਗੱਲ ਸਰੇਆਮ ਕਹਿ ਦਿੱਤੀ। ਪੱਤਰਕਾਰਾਂ ਮੂਹਰੇ ਉਸ ਨੇ ਸਾਫ ਕਿਹਾ ਕਿ 'ਅਸੀਂ ਚਾਹੁੰਦੇ ਹਾਂ ਕਿ ਅਯੁੱਧਿਆ ਦੇ ਰਾਮ ਮੰਦਰ ਦੀ ਉਸਾਰੀ ਛੇਤੀ ਹੋਵੇ। ਫੈਸਲੇ ਵਿੱਚ ਹੁੰਦੀ ਦੇਰੀ ਨਾਲ ਹਿੰਦੂਆਂ ਦਾ ਅਪਮਾਨ ਹੁੰਦਾ ਹੈ। ਸਾਨੂੰ ਆਸ ਸੀ ਕਿ ਅਦਾਲਤ ਹਿੰਦੂ ਭਾਵਨਾਵਾਂ ਬਾਰੇ ਸੋਚ ਕੇ ਫੈਸਲਾ ਕਰੇਗੀ, ਪਰ ਇਸ ਨੂੰ ਸੱਤ ਸਾਲ ਲੰਘ ਚੁੱਕੇ ਹਨ, ਇਸ ਦੀ ਹੋਰ ਉਡੀਕ ਕਰਨਾ ਠੀਕ ਨਹੀਂ। ਲੋੜ ਪਈ ਤਾਂ 1992 ਵਰਗਾ ਰਾਮ ਮੰਦਰ ਅੰਦੋਲਨ ਕੀਤਾ ਜਾਏਗਾ।' ਅਸਲ ਵਿੱਚ ਇਹ ਬਿਆਨ ਘੱਟ ਅਤੇ ਧਮਕੀ ਵੱਧ ਹੈ। ਦੇਸ਼ ਦੀ ਸਰਕਾਰ ਸੰਭਾਲ ਰਹੀ ਪਾਰਟੀ ਦੀ ਕਾਰਜ ਸ਼ਕਤੀ ਮੰਨੇ ਜਾਂਦੇ ਸੰਗਠਨ ਦੀ ਇਹ ਧਮਕੀ ਬਹੁਤ ਵੱਡੇ ਸੰਕੇਤ ਦੇਣ ਵਾਲੀ ਹੈ।

ਦੂਸਰੇ ਪਾਸੇ ਪੰਜਾਬ ਵਿੱਚ ਅਕਾਲੀ ਦਲ ਦੇ ਨੌਜਵਾਨ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਸਿੱਖ ਮੁੱਦਿਆਂ ਨੂੰ ਉਛਾਲ ਕੇ ਰਾਜ ਸਰਕਾਰ ਦੇ ਖਿਲਾਫ ਇੱਕ ਮੋਰਚਾ ਲਾਉਣ ਦਾ ਢਕਵੰਜ ਜਿਹਾ ਕੀਤਾ ਹੈ। ਮਾਮਲੇ ਦੋ ਚੁੱਕੇ ਹਨ। ਪਹਿਲਾ ਸਕੂਲਾਂ ਦੇ ਸਿਲੇਬਸ ਵਿੱਚ ਸਿੱਖ ਇਤਹਾਸ ਨਾਲ ਛੇੜ-ਛੇੜ ਹੋਈ ਹੋਣ ਦਾ ਹੈ, ਜਿਸ ਬਾਰੇ ਚੋਣਵੇਂ ਇਤਹਾਸਕਾਰ ਕਹਿੰਦੇ ਹਨ ਕਿ ਅਸਲ ਵਿੱਚ ਉਹ ਗੱਲ ਨਹੀਂ, ਜਿਹੜੀ ਅਕਾਲੀ ਆਗੂ ਕਹਿੰਦੇ ਹਨ। ਨਾਲ ਦੂਸਰੇ ਪਾਸੇ ਇਹ ਕਹਿਣ ਵਾਲੇ ਸੱਜਣ ਵੀ ਹਨ ਕਿ ਸਿੱਖ ਇਤਹਾਸ ਵਿੱਚ ਅੱਜ ਤੱਕ ਸਭ ਤੋਂ ਵੱਡੀ ਗਲਤੀ ਜੇ ਕਿਸੇ ਨੇ ਕੀਤੀ ਸੀ ਤਾਂ ਉਹ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਹਿੰਦੀ ਦੀ ਕਿਤਾਬ 'ਸਿੱਖ ਇਤਹਾਸ' ਵਿੱਚ ਗੰਦ-ਮੰਦ ਛਾਪ ਕੇ ਕੀਤੀ ਗਈ ਸੀ। ਇਸ ਦਾ ਵਿਵਾਦ ਛਿੜਨ ਪਿੱਛੋਂ ਸ਼੍ਰੋਮਣੀ ਕਮੇਟੀ ਨੇ ਖੁਦ ਹੀ ਕਿਤਾਬ ਵਾਪਸ ਲੈ ਲਈ ਤੇ ਇੱਕ ਜਾਂਚ ਕਮੇਟੀ ਬਣਾਈ ਸੀ, ਜਿਸ ਦੀ ਅਠਾਰਾਂ ਸਾਲਾਂ ਪਿੱਛੋਂ ਵੀ ਰਿਪੋਰਟ ਪੇਸ਼ ਨਹੀਂ ਹੋ ਸਕੀ। ਦੂਸਰਾ ਮੁੱਦਾ ਅਕਾਲੀ ਦਲ ਨੇ ਇੰਦਰਾ ਗਾਂਧੀ ਦੇ ਕਤਲ ਪਿੱਛੋਂ ਸਿੱਖਾਂ ਦੇ ਕਤਲਾਂ ਦਾ ਚੁੱਕਿਆ ਤੇ ਇਨਸਾਫ ਦੀ ਮੰਗ ਲਈ ਮੋਰਚਾ ਲਾਉਣ ਦੀ ਗੱਲ ਕਹੀ ਹੈ। ਉਸ ਕਤਲੇਆਮ ਦਾ ਇਨਸਾਫ ਹਰ ਹਾਲਤ ਵਿੱਚ ਹੋਣਾ ਚਾਹੀਦਾ ਹੈ, ਪਰ ਉਹ ਇਨਸਾਫ ਨਾ ਪੰਜਾਬ ਸਰਕਾਰ ਨੇ ਕਰਨਾ ਹੈ, ਨਾ ਇਸ ਵੇਲੇ ਕਾਂਗਰਸ ਪਾਰਟੀ ਕੇਂਦਰ ਵਿੱਚ ਰਾਜ ਕਰਦੀ ਹੈ। ਕੇਂਦਰ ਦੀ ਸਰਕਾਰ ਭਾਜਪਾ ਦੀ ਅਗਵਾਈ ਹੇਠ ਚੱਲਦੀ ਹੈ ਤੇ ਅਕਾਲੀ ਦਲ ਦੀ ਇੱਕ ਬੀਬੀ ਵੀ ਉਸ ਸਰਕਾਰ ਵਿੱਚ ਮੰਤਰੀ ਹੈ। ਉਨ੍ਹਾਂ ਨੂੰ ਇਨਸਾਫ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਕਹਿਣਾ ਚਾਹੀਦਾ ਹੈ। ਪਿਛਲੇ ਪੰਜ ਸਾਲਾਂ ਵਿੱਚ ਕਿੰਨੀ ਵਾਰੀ ਉਨ੍ਹਾਂ ਨੇ ਜ਼ੋਰ ਦਿੱਤਾ ਤੇ ਕਿੰਨਾ ਕੁ ਇਨਸਾਫ ਕਰਵਾਇਆ ਹੈ, ਇਹ ਵੀ ਸਿੱਖਾਂ ਅਤੇ ਪੰਜਾਬ ਦੇ ਲੋਕਾਂ ਨੂੰ ਦੱਸਣਾ ਚਾਹੀਦਾ ਹੈ। ਦਿੱਲੀ ਦੇ ਸਿੱਖ ਇਹ ਆਖਦੇ ਹਨ ਕਿ ਅਕਾਲੀਆਂ ਦੀ ਦਿਲਚਸਪੀ ਇਨਸਾਫ ਹੋਣ ਵਿੱਚ ਹੈ ਹੀ ਨਹੀਂ, ਉਹ ਇਹ ਮੁੱਦਾ ਵੋਟਾਂ ਖਾਤਰ ਜ਼ਿੰਦਾ ਰੱਖ ਕੇ ਹਰ ਵਾਰੀ ਸਿਆਸੀ ਲਾਹਾ ਲੈਣਾ ਚਾਹੁੰਦੇ ਹਨ।

ਭਾਜਪਾ ਨੂੰ ਰਾਮ ਜੀ ਯਾਦ ਆਉਣ ਲੱਗੇ ਹਨ। ਸਾਢੇ ਚਾਰ ਸਾਲ ਰਾਜ ਕਰਦੇ ਸਮੇਂ ਯਾਦ ਨਹੀਂ ਆਏ। ਇਸ ਰਾਜ ਦੀਆਂ ਜਦੋਂ ਤ੍ਰਿਕਾਲਾਂ ਪੈਣ ਲੱਗੀਆਂ ਹਨ ਤਾਂ ਰਾਮ ਮੰਦਰ ਬਣਾਉਣ ਦਾ ਮੁੱਦਾ ਇੰਜ ਉਛਾਲ ਲਿਆ ਹੈ, ਜਿਵੇਂ ਪੰਜਾਬੀ ਦਾ ਮੁਹਾਵਰਾ 'ਬੂਹੇ ਖੜੋਤੀ ਜੰਨ, ਵਿੰਨ੍ਹੋਂ ਕੁੜੀ ਦੇ ਕੰਨ' ਸੱਚਾ ਸਾਬਤ ਕਰਨ ਦਾ ਇਰਾਦਾ ਹੋਵੇ। ਉਹ ਅਦਾਲਤਾਂ ਨੂੰ ਲੋਕਾਂ ਦੀ ਆਸਥਾ ਦੇ ਮੁਤਾਬਕ ਫੈਸਲਾ ਕਰਨ ਦੀਆਂ ਨਸੀਹਤਾਂ ਦੇ ਕੇ ਇੱਕ ਤਰ੍ਹਾਂ



ਅਦਾਲਤੀ ਕਾਰਵਾਈ ਵਿੱਚ ਅਸਿੱਧਾ ਦਖਲ ਦੇਣ ਦਾ ਯਤਨ ਵੀ ਕਰਦੇ ਦਿਖਾਈ ਦੇਂਦੇ ਹਨ। ਦੂਸਰੇ ਪਾਸੇ ਬਾਬਰੀ ਮਸਜਿਦ ਢਾਹੁਣ ਵੇਲੇ ਭੀੜਾਂ ਭੜਕਾ ਕੇ ਜੋ ਕੁਝ ਕੀਤਾ ਸੀ, ਉਸ ਤਰ੍ਹਾਂ ਦਾ ਅੰਦੋਲਨ ਛੇੜਨ ਅਤੇ ਉੱਧੜਧੁੰਮੀ ਮਚਾਉਣ ਦੀਆਂ ਧਮਕੀਆਂ ਵੀ ਦੇਈ ਜਾ ਰਹੇ ਹਨ।

ਇਹ ਸਭ ਕੁਝ ਉਨ੍ਹਾਂ ਨੂੰ ਅਤੇ ਪੰਜਾਬ ਵਿੱਚ ਅਕਾਲੀ ਦਲ ਨੂੰ ਇੱਕੋ ਵੇਲੇ ਇਸ ਲਈ ਯਾਦ ਆ ਗਿਆ ਹੈ ਕਿ ਦੋਵਾਂ ਦੇ ਲਈ ਲੋਕਾਂ ਵਿੱਚ ਜਾਣ ਵਾਲਾ ਹੋਰ ਕੋਈ ਰਾਹ ਨਹੀਂ ਰਹਿ ਗਿਆ ਜਾਪਦਾ। ਅਕਾਲੀ ਦਲ ਆਪਣੇ ਰਾਜ ਦੇ ਵਕਤ ਹੋਏ ਬਰਗਾੜੀ ਅਤੇ ਬਹਿਬਲ ਕਲਾਂ ਕਾਂਡ ਦੀ ਮਾਰ ਹੇਠ ਹੈ। ਕਿਸੇ ਵੇਲੇ ਵੀ ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀ ਰਿਪੋਰਟ ਉੱਤੇ ਬਣਾਈ ਗਈ ਵਿਸ਼ੇਸ਼ ਜਾਂਚ ਟੀਮ ਦੀ ਰਿਪੋਰਟ ਮਿਲਣ ਅਤੇ ਇਸ ਦੇ ਆਧਾਰ ਉੱਤੇ ਬਾਦਲ ਪਿਤਾ-ਪੁੱਤਰ ਦੇ ਖਿਲਾਫ ਕਾਨੂਨੀ ਕਾਰਵਾਈ ਸ਼ੁਰੂ ਹੋਣ ਦਾ ਝੋਰਾ ਲੱਗਾ ਹੋਇਆ ਹੈ। ਪਹਿਲਾਂ ਤਾਂ ਰਾਜ ਦੇ ਸਾਬਕਾ ਪੁਲਸ ਮੁਖੀ ਸੁਮੇਧ ਸਿੰਘ ਸੈਣੀ ਨੇ ਉਨ੍ਹਾਂ ਦੇ ਸਿਰ ਭਾਂਡਾ ਭੰਨ ਦਿੱਤਾ ਸੀ ਤੇ ਫਿਰ ਜਦੋਂ ਤਿੰਨ ਆਈ ਜੀ ਇਸ ਵਿਸ਼ੇਸ਼ ਜਾਂਚ ਟੀਮ ਅੱਗੇ ਪੇਸ਼ ਹੋਏ ਤਾਂ ਇਹ ਚਰਚੇ ਵਧਣ ਲੱਗੇ ਹਨ ਕਿ ਹਰ ਕੋਈ ਖੁਦ ਪੱਲਾ ਛੁਡਾਉਣ ਵਾਸਤੇ ਸਾਰਾ ਦੋਸ਼ ਬਾਦਲ ਬਾਪ-ਬੇਟੇ ਉੱਤੇ ਲਾਈ ਜਾ ਰਿਹਾ ਹੈ। ਉਨ੍ਹਾਂ ਕੋਲ ਹੋਰ ਕੋਈ ਰਾਹ ਨਹੀਂ ਰਿਹਾ ਤੇ ਪਾਰਟੀ ਅੰਦਰ ਵੀ ਢਾਈ ਦਹਾਕਿਆਂ ਬਾਅਦ ਬਾਦਲ ਪਰਵਾਰ ਦੀ ਸਰਦਾਰੀ ਨੂੰ ਸਿੱਧੀ ਚੁਣੌਤੀ ਮਿਲਣ ਲੱਗੀ ਹੋਣ ਕਾਰਨ ਉਨ੍ਹਾਂ ਨੇ ਆਖਰ ਨੂੰ ਲੁਕਮਾਨੀ ਹਕੀਮ ਵਾਲਾ ਨੁਸਖਾ ਵਰਤਣ ਦਾ ਯਤਨ ਕੀਤਾ ਹੈ ਕਿ ਸਿੱਖੀ ਮੁੱਦੇ ਉੱਤੇ ਕੋਈ ਮੋਰਚਾ ਲਾ ਦੇਈਏ।

ਰਹੀ ਗੱਲ ਭਾਜਪਾ ਵਾਲਿਆਂ ਦੀ, ਉਹ ਇੱਕ ਵਾਰ ਫਿਰ ਓਸੇ ਸਥਿਤੀ ਵਿੱਚ ਹਨ, ਜਿਸ ਵਿੱਚ ਵਾਜਪਾਈ ਸਰਕਾਰ ਦੇ ਅੰਤਲੇ ਦਿਨਾਂ ਵਿੱਚ ਭਾਜਪਾ ਲੀਡਰਸ਼ਿਪ ਜਾ ਉਲਝੀ ਸੀ। ਓਦੋਂ ਲੋਕ ਅੱਜ ਵਾਂਗ ਹੀ ਸਰਕਾਰ ਦੇ ਨਿਕੰਮੇਪਣ ਦੇ ਕਾਰਨ ਉੱਬਲਦੇ ਪਏ ਸਨ ਤੇ ਸਰਕਾਰ ਚਲਾਉਣ ਵਾਲਿਆਂ ਨੇ ਉਨ੍ਹਾਂ ਅੱਗੇ 'ਭਾਰਤ ਉਦੈ' ਅਤੇ 'ਫੀਲ ਗੁੱਡ' ਦੇ ਨਾਅਰੇ ਪਰੋਸਣ ਦਾ ਕੰਮ ਛੋਹਿਆ ਪਿਆ ਸੀ। ਵਾਜਪਾਈ ਸਰਕਾਰ ਦੇ ਅੰਕੜੇ ਨਰਿੰਦਰ ਮੋਦੀ ਦੀ ਸਰਕਾਰ ਤੋਂ ਵੱਧ ਜ਼ੋਰਦਾਰ ਪੇਸ਼ ਹੋ ਰਹੇ ਸਨ ਤੇ ਇਹ ਵੀ ਗੱਲ ਯਾਦ ਰੱਖਣ ਵਾਲੀ ਹੈ ਕਿ ਹੋਰ ਜੋ ਵੀ ਵਿਰੋਧ ਹੋਵੇ, ਵਾਜਪਾਈ ਬਾਰੇ ਕਦੀ ਕਿਸੇ ਆਗੂ ਨੇ ਏਦਾਂ ਦੇ ਸ਼ਬਦ ਨਹੀਂ ਸੀ ਕਹੇ ਕਿ ਇਹ ਲਿਫਾਫੇਬਾਜ਼ੀ ਕਰਦਾ ਜਾਂ ਝੂਠ ਦਾ ਗੁਤਾਵਾ ਗੁੰਨ੍ਹੀ ਜਾਂਦਾ ਹੈ। ਅੱਜ ਸਰਕਾਰ ਦਾ ਮੁਖੀ ਕੁਝ ਵੀ ਕਹੀ ਜਾਵੇ, ਲੋਕ ਹੱਸੀ ਜਾਂਦੇ ਹਨ, ਕਿਸੇ ਕਾਮੇਡੀ ਸ਼ੋਅ ਵਾਂਗ ਮਜ਼ੇ ਨਾਲ ਸੁਣਦੇ ਹਨ ਤੇ ਯਕੀਨ ਕਰਨ ਬਾਰੇ ਪੁਛਿਆ ਜਾਵੇ ਤਾਂ ਭਾਜਪਾ ਦੇ ਆਪਣੇ ਪੱਕੇ ਪਰਵਾਰ ਵੀ ਅੱਗੋਂ ਹੱਸ ਪੈਂਦੇ ਹਨ। 'ਡੀਜ਼ਲ ਤੇ ਪੈਟਰੋਲ ਦੇ ਭਾਅ ਘੱਟ ਹੋਏ ਕਿ ਨਹੀਂ' ਵਾਲੀ ਜਿਹੜੀ ਕਲਿੱਪ ਵਿੱਚ ਸਲਮਾਨ ਖਾਨ ਹੱਸਦਾ ਹੈ, ਉਹ ਭਾਰਤ ਵਿੱਚ ਘਰ-ਘਰ ਵਿੱਚ ਸੁਣੀ ਜਾ ਰਹੀ ਹੈ ਤੇ ਨਾਲ ਇਸ ਗੱਲ ਬਾਰੇ ਚਰਚਾ ਹੁੰਦੀ ਹੈ ਕਿ ਮਨਮੋਹਨ ਸਿੰਘ ਦੇ ਵਕਤ ਦਾ ਤੇ ਅੱਜ ਦਾ ਕੀ ਫਰਕ ਹੈ। ਰਾਫੇਲ ਜੰਗੀ ਜਹਾਜ਼ਾਂ ਦੇ ਇੱਕੋ ਸੌਦੇ ਨੇ ਭਾਰਤੀ ਫੌਜਾਂ ਲਈ ਖਰੀਦੇ ਗਏ ਸਾਮਾਨ ਵਿੱਚ ਘੁਟਾਲਿਆਂ ਵਿੱਚ ਅੱਜ ਤੱਕ ਹੋਏ ਸਾਰੇ ਘਪਲੇ ਬੌਣੇ ਸਾਬਤ ਕਰ ਦਿੱਤੇ ਜਾਪਦੇ ਹਨ। ਇਸ ਹਾਲਤ ਵਿੱਚ ਭਾਜਪਾ ਲੀਡਰਸ਼ਿਪ ਲਈ ਲੋਕਾਂ ਦਾ ਸਾਹਮਣਾ ਕਰਨਾ ਸੌਖਾ ਨਹੀਂ।

ਜਦੋਂ ਲੋਕਾਂ ਦਾ ਸਾਹਮਣਾ ਕਰਨ ਵਿੱਚ ਔਖ ਹੁੰਦੀ ਹੋਵੇ, ਨਿੱਤ ਦਿਨ ਆਉਂਦੇ ਸਰਵੇਖਣਾਂ ਵਿੱਚ ਪ੍ਰਧਾਨ ਮੰਤਰੀ ਦੀ ਹਰਮਨ ਪਿਆਰਤਾ ਨੂੰ ਖੋਰਾ ਲੱਗਦਾ ਮੰਨਿਆ ਜਾਣ ਲੱਗ ਪਿਆ ਹੋਵੇ, ਓਦੋਂ ਰਾਮ ਭਗਵਾਨ ਦਾ ਆਸਰਾ ਲੈਣ ਤੋਂ ਬਗੈਰ ਕੋਈ ਰਸਤਾ ਇਸ ਪਾਰਟੀ ਨੂੰ ਦਿਖਾਈ ਨਹੀਂ ਦੇ ਸਕਦਾ। ਇਹੋ ਕਾਰਨ ਹੈ ਕਿ ਪੰਜਾਬ ਦੇ ਅਕਾਲੀ ਲੀਡਰ ਤੇ ਦੇਸ਼ ਪੱਧਰ ਉੱਤੇ ਭਾਜਪਾਈ ਆਗੂ 'ਡੁੱਬਦੀ ਨੂੰ ਤਿਨਕੇ ਦਾ ਸਹਾਰਾ' ਵਾਲਾ ਫਾਰਮੂਲਾ ਪਰਖਣ ਦੇ ਰਾਹ ਪੈ ਗਏ ਹਨ।

-ਜਤਿੰਦਰ ਪਨੂੰ

## ਜੇਕਰ ਤੁਹਾਨੂੰ ਆਕਲੈਂਡ ਜਾਣਾ ਹੈ, ਤਾਂ ਲੈਣਾ ਹੋਵੇਗਾ ਆਸਟਰੇਲੀਆ ਦਾ ਇਹ ਵੀਜ਼ਾ



ਨਿਊਜੀਲੈਂਡ (ਐੱਨ ਜ਼ੈੱਡ ਤਸਵੀਰ ਬਿਊਰੋ) ਦੇਸ਼ ਭਰ ਦੇ ਲੋਕਾਂ ਦੇ ਜਰੂਰੀ ਖਬਰ , ਜੇਕਰ ਤੁਹਾਨੂੰ ਆਕਲੈਂਡ ਜਾਣਾ ਹੈ ਤਾਂ ਸਿੱਧਾ ਨਹੀਂ ਜਾ ਸਕਗੇ । ਇਸਦੇ ਲਈ ਤੁਹਾਨੂੰ ਆਸਟਰੇਲੀਆ ਦਾ ਇੱਕ ਵੀਜਾ ਲੈਣਾ ਹੋਵੇਗਾ । ਏਅਰ ਏਸ਼ੀਆ ਕੁਆਲਾਲੰਪੁਰ ਵਲੋਂ ਆਕਲੈਂਡ ਲਈ ਆਪਣੀ ਉਡਾਣਾਂ ਆਸਟਰੇਲੀਆ ਦੇ ਸਿਟੀ ਗੋਲਡ ਕੋਸਟ ਤੋਂ ਚਲਾਂਉਂਦੀ ਹੈ । ਇੱਥੇ ਇਹ ਉੜਾਨ ਇੱਕ ਘੰਟਿਆ 15 ਮਿੰਟ ਲਈ ਖੁਲਦੀ ਹੈ । ਭਾਰਤੀ ਪਾਸਪੋਰਟ ਵਾਲੀਆਂ ਯਾਤਰਾਵਾਂ ਨੂੰ ਇਸਦੇ ਲਈ ਆਸਟਰੇਲੀਆ ਦਾ ਟਰਾਂਜਿਟ ਈ - ਵੀਜਾ ਲੈਣਾ ਹੋਵੇਗਾ , ਜੋ ਆਨਲਾਈਨ ਲਿਆ ਜਾ ਸਕਦਾ ਹੈ । ਆਕਲੈਂਡ ਨੂੰ ਜਾਣ ਦੀ ਸਮਾਂ ਮਿਆਦ 34 ਘੰਟੇ ਕੀਤੀ ਹੈ, ਇਸਦੇ ਬਾਅਦ ਉਹ ਸਿਰਫ 22 ਘੰਟੇ ਦੀ ਰਹਿ ਜਾਵੇਗੀ । ਵਾਪਸ ਆਉਣ ਦੀ ਮਿਆਦ 23 ਘੰਟੇ ਕੀਤੀ ਹੋਵੇਗੀ । ਉਥੇ ਹੀ ਏਅਰ ਏਸ਼ੀਆ ਐਕਸ ਦੀ ਕੁਆਲਾਲੰਪੁਰ - ਅੰਮ੍ਰਿਤਸਰ ਫਲਾਈਟ ਦਾ ਸਮਾਂ 28 ਅਕਤੂਬਰ ਵਲੋਂ 31 ਜਨਵਰੀ 2019 ਤੱਕ ਬਦਲ ਗਿਆ ਹੈ ।

## ਨਿਊਜੀਲੈਂਡ 'ਚ ਵੀਰਾਨ ਛੱਡ ਦਿੱਤਾ ਸੀ ਕਦੇ ਪਿੰਡ, ਹੁਣ ਸਰਕਾਰ ਨੇ 20 ਕਰੋੜ 'ਚ ਵੇਚਣ ਦਾ ਦਿੱਤਾ ਆਫਰ

ਆਕਲੈਂਡ - ਨਿਊਜੀਲੈਂਡ ਸਰਕਾਰ ਦੱਖਣ ਟਾਪੂ ਉੱਤੇ ਸਥਿਤ ਵੈਟਾਕੀ ਬੰਨ੍ਹ ਦੇ ਨਜਦੀਕ ਇੱਕ ਪੂਰਾ ਪਿੰਡ ਵੇਚਣ ਜਾ ਰਹੀ ਹੈ , ਉਹ ਵੀ ਸਿਰਫ਼ 28 ਲੱਖ ਡਾਲਰਸ ( ਕਰੀਬ 20 .6 ਕਰੋੜ ਰੁਪਏ ) ਵਿੱਚ । 1930 ਵਿੱਚ ਬਣਿਆ ਵੈਟਾਕੀ ਪਿੰਡ ਕਦੇ ਬੰਨ੍ਹ ਦੇ ਕੰਮ ਦੀ ਵਜ੍ਹਾ ਨਾਲ ਆਬਾਦ ਹੋਇਆ ਕਰਦਾ ਸੀ , ਲੇਕਿਨ ਕਰੀਬ 30 ਸਾਲ ਪਹਿਲਾਂ 1989 ਵਿੱਚ ਦੇਸ਼ ਵਿੱਚ ਸ਼ਹਰੀਕਰਣ ਨੇ ਦਸਤਕ ਦਿੱਤੀ । ਇਸ ਦੌਰਾਨ ਬੰਨ੍ਹ ਨੂੰ ਵੀ ਆਟੋਮੈਟਿਕ ਕਰ ਦਿੱਤਾ ਗਿਆ । ਇਸਦੇ ਬਾਅਦ ਕਈ ਲੋਕ ਪਿੰਡ ਛੱਡਕੇ ਦੇਸ਼ ਦੇ ਦੂੱਜੇ ਹਿੱਸਿਆਂ ਵਿੱਚ ਬਸ ਗਏ ।



ਕਈ ਵਾਰ ਵਿਕ ਚੁੱਕਿਆ ਵੈਟਾਕੀ ਪਿੰਡ

ਖਾਸ ਗੱਲ ਹੈ ਕਿ ਵੈਟਾਕੀ ਪਹਾੜਾਂ ਵਲੋਂ ਘਿਰੇ ਵੈਟਾਕੀ ਪਿੰਡ ਵਿੱਚ ਅੱਠ ਵੱਡੇ ਘਰ , ਇੱਕ ਰੇਸਤਰਾਂ , ਅਤੇ ਨੌਂ ਗੈਰਾਜ ਹਨ । ਪਰ ਮੁਸ਼ਕਿਲ ਹੈ ਪਿੰਡ ਦੀ ਘੱਟ ਜਨਸੰਖਿਆ ਜੋ ਪਛੜੀ ਰਹਿ ਗਈ । ਅੱਜ ਵੀ ਲੋਕਾਂ ਦਾ ਪਿੰਡ ਛੱਡਕੇ ਸ਼ਹਿਰਾਂ ਦੀ ਵੱਲ ਜਾਣਾ ਜਾਰੀ ਹੈ । ਅਜਿਹੇ ਵਿੱਚ ਇੱਥੇ ਘਰ ਅਤੇ ਨੌਕਰੀਆਂ ਖਾਲੀ ਹਨ । ਵੈਟਾਕੀ ਸਭਤੋਂ ਪਹਿਲਾਂ ਵਸਾਉਣ ਲਈ 1991 ਵਿੱਚ ਇੱਕ ਪ੍ਰਾਇਵੇਟ ਫਰਮ ਨੂੰ ਵੇਚਿਆ ਗਿਆ ਸੀ । ਇਸਦੇ ਬਾਅਦ ਅਗਲੇ ਸਾਲਾਂ ਵਿੱਚ ਕਈ ਲੋਕਾਂ ਨੇ ਇੱਥੇ ਰੋਜਗਾਰ ਵਧਾਉਣ ਦੀ ਕੋਸ਼ਿਸ਼ ਕੀਤੀ , ਪਰ ਕਿਸੇ ਨੂੰ ਸਫਲਤਾ ਨਹੀਂ ਮਿਲੀ । ਦੋ ਸਾਲ ਪਹਿਲਾਂ ਹੀ ਸਾਊਥ ਓਟਾਗੋ ਦੇ ਕਾਏਤੰਗਾਤਾ ਪਿੰਡ ਨੇ ਵੈਟਾਕੀ ਦੀ ਜਨਸੰਖਿਆ ਵਧਾਉਣ ਲਈ ਵੱਡੇ ਪੱਧਰ ਉੱਤੇ ਅਭਿਆਨ ਚਲਾਇਆ ਸੀ । ਲੇਬਰ ਸਰਕਾਰ ਨੇ ਵੀ ਹਰ ਸਾਲ ਇਸ ਖੇਤਰ ਦੇ ਵਿਕਾਸ ਲਈ ਅਰਬਾਂ ਡਾਲਰਸ ਦੇਣ ਦਾ ਐਲਾਨ ਕੀਤਾ । ਸਰਕਾਰ ਦਾ ਮਕਸਦ ਸੀ ਕਿ ਲੋਕ ਸ਼ਹਿਰ ਨੂੰ ਛੱਡਕੇ ਪਰਤਣ ਅਤੇ ਪਿੰਡਾਂ ਦੀ ਵਿਗੜਦੀ ਵਿਵਸਥਾ ਨੂੰ ਸੰਭਾਲਣ । ਪਰ ਹੁਣ ਕੋਈ ਵੀ ਸ਼ਹਿਰ ਦੀ ਮਾਡਰਨ ਲਾਈਫ ਛੱਡਕੇ ਪਿੰਡ ਨਹੀਂ ਪਰਤਣਾ ਚਾਹੁੰਦਾ ।

ਚੀਨ ਵਿਖਾ ਰਿਹਾ ਦਿਲਚਸਪੀ

ਹੁਣ ਨਿਊਜੀਲੈਂਡ ਵਿੱਚ ਵਿਦੇਸ਼ੀ ਖਰੀਦਦਾਰਾਂ ਦੇ ਪ੍ਰਾਪਰਟੀ ਖਰੀਦਣ ਉੱਤੇ ਵੀ ਰੋਕ ਲੱਗ ਚੁੱਕੀ ਹੈ । ਇਸਦੇ ਚਲਦੇ ਕਈ ਲੋਕ ਵਿਚੋਲੇ ਦੇ ਜਰੀਏ ਪਿੰਡ ਖਰੀਦਣਾ ਚਾਹੁੰਦੇ ਹਨ । ਖਾਸਕਰ ਚੀਨੀ ਨਾਗਰਿਕਾਂ ਨੇ ਇਸਨੂੰ ਖਰੀਦਣ ਵਿੱਚ ਕਾਫ਼ੀ ਦਿਲਚਸਪੀ ਵਿਖਾਈ ਹੈ । ਹਾਲਾਂਕਿ , ਨਿਊਜੀਲੈਂਡ ਸਰਕਾਰ ਚਾਹੁੰਦੀ ਹੈ ਕਿ ਦੇਸ਼ ਦੇ ਲੋਕ ਹੀ ਉੱਥੇ ਪ੍ਰਾਪਰਟੀ ਖਰੀਦਣ ਅਤੇ ਪਿੰਡ ਨੂੰ ਫਿਰ ਆਬਾਦ ਕਰਨ । ▲ਰੀਅਲ ਅਸਟੇਟ ਏਜੰਟ ਦੇ ਮੁਤਾਬਕ , ਇਸ ਹਾਲਤ ਵਿੱਚ ਪਿੰਡ ਨੂੰ ਖਰੀਦਣ ਲਈ 10 ਲੱਖ ਡਾਲਰ ਤੱਕ ਦਾ ਪ੍ਰਸਤਾਵ ਆਇਆ ਹੈ । ਇਸਦੇ ਪਿੱਛੇ ਦਲੀਲ਼ ਹੈ ਕਿ ਬਾਹਰੀ ਨਾਗਰਿਕ ਨਿਊਜੀਲੈਂਡ ਵਿੱਚ ਨਹੀਂ ਰਹਿੰਦੇ ਅਤੇ ਇਸ ਲਿਹਾਜ਼ ਤੋਂ ਖਾਲੀ ਪਏ ਪਿੰਡ ਦੀ ਹਾਲਤ ਉਵੇਂ ਹੀ ਰਹਿ ਜਾਵੇਗੀ ਹੈ । ਨਾਲ ਹੀ ਚੀਨ ਦੇ ਵੱਲੋਂ ਵਧਦਾ ਨਿਵੇਸ਼ ਆਉਣ ਵਾਲੇ ਸਮੇਂ ਵਿੱਚ ਨਿਊਜੀਲੈਂਡ ਲਈ ਖ਼ਤਰਾ ਹੋ ਸਕਦਾ ਹੈ ।

## ਆਸਟ੍ਰੇਲੀਆ 'ਚ ਫਰਜ਼ੀ ਵਿਆਹ ਘਪਲੇ ਦਾ ਪਰਦਾਫਾਸ਼, ਇਕ ਪੰਜਾਬੀ ਗ੍ਰਿਫਤਾਰ

ਸਿਡਨੀ : ਜ਼ਿਆਦਾਤਰ ਵਿਦੇਸ਼ ਜਾਣ ਵਾਲੇ ਲੋਕਾਂ ਦਾ ਸੁਪਨਾ ਉੱਥੇ ਹੀ ਸੈਟਲ ਹੋ ਜਾਣ ਦਾ ਹੁੰਦਾ ਹੈ। ਵਿਦੇਸ਼ ਵਿਚ ਪੱਕੇ ਹੋਣ ਲਈ ਕਈ ਵਾਰ ਲੋਕ ਗੈਰ ਕਾਨੂੰਨੀ ਤਰੀਕੇ ਵੀ ਵਰਤਦੇ ਹਨ। ਅਜਿਹਾ ਹੀ ਇਕ ਮਾਮਲਾ ਆਸਟ੍ਰੇਲੀਆਈ ਪੁਲਸ ਦੇ ਹੱਥ ਲੱਗਾ ਹੈ। ਇੱਥੇ ਆਸਟ੍ਰੇਲੀਆਈ ਪੁਲਸ ਨੇ ਫਰਜ਼ੀ ਵਿਆਹ ਕਰਵਾਉਣ ਦੇ ਦੋਸ਼ ਵਿਚ ਇਕ 32 ਸਾਲਾ ਪੰਜਾਬੀ ਨੂੰ ਗ੍ਰਿਫਤਾਰ ਕੀਤਾ ਹੈ। ਇਹ ਮਾਮਲਾ ਸਾਹਮਣੇ ਆਉਣ ਦੇ ਬਾਅਦ ਹੁਣ ਕਰੀਬ 164 ਪ੍ਰਵਾਸੀਆਂ ਦੀ ਵਿਆਹ ਤੋਂ ਬਾਅਦ ਸਥਾਈ ਨਿਵਾਸ ਲਈ ਦਿੱਤੀਆਂ ਅਰਜ਼ੀਆਂ ਪਾਸ ਹੋਣ ਵਿਚ ਮੁਸ਼ਕਲਾਂ ਪੈਦਾ ਹੋ ਗਈਆਂ ਹਨ। ਪੁਲਸ ਨੂੰ ਸ਼ੱਕ ਹੈ ਕਿ ਪੈਸੇ ਦੇਣ ਦਾ ਲਾਲਚ ਦੇ ਕੇ ਆਸਟ੍ਰੇਲੀਆਈ ਔਰਤਾਂ ਨਾਲ ਵਿਆਹ ਕਰਵਾਉਣ ਦੇ ਅਜਿਹੇ ਹੋਰ ਮਾਮਲੇ ਵੀ ਹੋ ਸਕਦੇ ਹਨ। ਇਸ਼ ਮਾਮਲੇ ਵਿਚ ਭਾਰਤ ਤੋਂ ਇਲਾਵਾ ਹੋਰ ਦੇਸ਼ਾਂ ਦੇ ਨਾਗਰਿਕ ਵੀ ਸ਼ੱਕੀਆਂ ਦੀ ਲਿਸਟ ਵਿਚ ਸ਼ਾਮਲ




ਹਨ। ਆਸਟ੍ਰੇਲੀਆ ਦੀ ਕੇਂਦਰੀ ਪੁਲਸ ਨੇ ਸਿਡਨੀ ਵਾਸੀ ਪੰਜਾਬੀ ਦੀ ਗ੍ਰਿਫਤਾਰੀ ਤੋਂ ਪਹਿਲਾਂ ਸਾਰਾ ਮਾਮਲਾ ਇਮੀਗ੍ਰੇਸ਼ਨ ਵਿਭਾਗ ਦੇ ਧਿਆਨ ਵਿਚ ਲਿਆ ਦਿੱਤਾ ਸੀ। ਇਸ ਧੋਖਾਧੜੀ ਵਿਚ ਸ਼ਾਮਲ ਹੋਰਾਂ ਦੀ ਵੀ ਤਲਾਸ਼ ਕੀਤੀ ਜਾ ਰਹੀ ਹੈ। ਕਈ ਰਜਿਸਟਰਡ ਏਜੰਟ ਅਤੇ ਵਿਆਹ ਦੇ ਰਜਿਸਟਰੇਸ਼ਨ ਸਰਟੀਫਿਕੇਟ ਦੇਣ ਵਾਲੇ ਵੀ ਸ਼ੱਕ ਦੇ ਘੇਰੇ ਵਿਚ ਹਨ। ਪੁਲਸ ਵੱਲੋਂ ਸਖਤੀ ਨਾਲ ਕੀਤੀ ਗਈ ਪੁੱਛਗਿੱਛ ਵਿਚ 4 ਆਸਟ੍ਰੇਲੀਅਨ ਔਰਤਾਂ ਨੇ ਵੀ ਅਜਿਹੇ ਮਾਮਲਿਆਂ ਵਿਚ ਆਪਣੀ ਸ਼ਮੂਲੀਅਤ ਮੰਨੀ ਹੈ। ਪੁਲਸ ਮੁਤਾਬਕ ਇਸ ਕਿਸਮ ਦੇ ਮਾਮਲਿਆਂ ਵਿਚ ਆਮ ਤੌਰ 'ਤੇ ਸਮਾਜਿਕ ਵਿੱਤੀ ਪੱਧਰ 'ਤੇ ਔਕੜਾਂ ਦਾ ਸਾਹਮਣਾ ਕਰ ਰਹੀਆਂ ਨੌਜਵਾਨ ਔਰਤਾਂ ਸ਼ਾਮਲ ਹੁੰਦੀਆਂ ਹਨ। ਸੌਦਾ ਕਰਨ ਵਾਲੇ ਉਨ੍ਹਾਂ ਨੂੰ ਪ੍ਰਤੀ ਹਫਤਾ ਤਨਖਾਹ ਦੇਣ ਦੇ ਵੀ ਪਾਬੰਦ ਹੋ ਜਾਂਦੇ ਹਨ। ਪੁਲਸ ਦੇ ਕਾਰਜਕਾਰੀ ਜਾਂਚ ਕਮਾਂਡਰ ਕਲਿੰਟਨ ਸ਼ਿਮਜ਼ ਨੇ ਕਿਹਾ ਕਿ ਇਹ ਮਾਮਲਾ ਆਸਟ੍ਰੇਲੀਆ ਦੇ ਆਵਾਸ ਨਿਯਮਾਂ ਨਾਲ ਧੋਖਾ ਕਰਨ ਦਾ ਹੈ। ਗ੍ਰਿਫਤਾਰ ਕੀਤੇ ਗਏ ਪੰਜਾਬੀ ਨੂੰ ਸਬੰਧਤ ਅਥਾਰਿਟੀ ਨੇ ਦੋਸ਼ੀ ਪਾਇਆ ਹੈ। ਉਸ ਨੂੰ ਮਾਈਗ੍ਰੇਸ਼ਨ ਐਕਟ ਦੇ ਤਹਿਤ 2,10,000 ਡਾਲਰ ਤੱਕ ਦਾ ਜੁਰਮਾਨਾ ਹੋ ਸਕਦਾ ਹੈ ਅਤੇ 10 ਸਾਲ ਕੈਦ ਦੀ ਸਜ਼ਾ ਹੋ ਸਕਦੀ ਹੈ।

## ਅਕਾਲੀਆਂ ਵਲੋਂ ਕੈਪਟਨ ਦੀ ਕੋਠੀ ਘੇਰਨ ਦੀ ਕੋਸ਼ਿਸ਼, ਪੁਲਸ ਨਾਲ ਧੱਕਾ-ਮੁੱਕੀ

ਚੰਡੀਗੜ੍ਹ : ਸ਼੍ਰੋਮਣੀ ਅਕਾਲੀ ਦਲ ਵਲੋਂ ਇਤਿਹਾਸ ਦੀਆਂ ਕਿਤਾਬਾਂ ਦੇ ਮਾਮਲੇ 'ਤੇ ਸੋਮਵਾਰ ਨੂੰ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਕੋਠੀ ਘੇਰਨ ਦੀ ਕੋਸ਼ਿਸ਼ ਕੀਤੀ ਗਈ। ਇਸ ਦੌਰਾਨ ਪ੍ਰਦਰਸ਼ਨਕਾਰੀ ਚੰਡੀਗੜ੍ਹ ਪੁਲਸ ਵਲੋਂ ਲਾਏ ਬੈਰੀਕੇਡਸ ਤੋੜਦੇ ਹੋਏ ਅੱਗ ਵਧਣ ਲੱਗੇ। ਇਸ ਮੌਕੇ ਪ੍ਰਦਰਸ਼ਨਕਾਰੀਆਂ ਅਤੇ ਪੁਲਸ ਵਿਚਕਾਰ ਧੱਕਾ-ਮੁੱਕੀ ਵੀ ਹੋਈ। ਅਕਾਲੀ ਦਲ ਨੇ ਮੰਗ ਕੀਤੀ ਕਿ ਮੁੱਖ ਮੰਤਰੀ ਜਲਦ ਤੋਂ ਜਲਦ ਸਿੱਖ ਕੌਮ ਤੋਂ ਮੁਆਫੀ ਮੰਗਣ ਅਤੇ ਇਸ ਗੁਨਾਹ ਪਿੱਛੇ ਜ਼ਿੰਮੇਵਾਰ ਦੋਸ਼ੀਆਂ ਨੂੰ ਸਜ਼ਾਵਾਂ ਦਿੱਤੀਆਂ ਜਾਣ। ਅਕਾਲੀ ਆਗੂਆਂ ਨੇ ਕਿਹਾ ਕਿ ਜੇਕਰ ਇਸ ਬਾਰੇ ਤੁਰੰਤ ਕਦਮ ਨਾ ਚੁੱਕੇ ਗਏ ਤਾਂ ਅਕਾਲੀ ਦਲ ਵਲੋਂ ਸ਼ੰਘਰਸ਼ ਹੋਰ ਤੇਜ਼ ਕੀਤਾ ਜਾਵੇਗਾ।

